## ਪਰੀ ਕਥਾਵਾਂ

ਪਰੀ ਕਥਾਵਾਂ ਲੋਕ-ਕਥਾਵਾਂ ਦਾ ਵਿਸ਼ੇਸ਼ ਅੰਗ ਹਨ। ਜਿਹੜੇ ਬਿਰਤਾਂਤ ਪਰੀਆਂ ਨਾਲ਼ ਜੁੜੇ ਹੋਏ ਹਨ, ਉਨ੍ਹਾਂ ਨੂੰ ਪੰਜਾਬ ਵਿੱਚ ਪਰੀ ਕਥਾਵਾਂ ਕਿਹਾ ਜਾਂਦਾ ਹੈ। ਅਪਸਰਾ ਪਰੀ ਦਾ ਹੀ ਦੂਜਾ ਨਾਮ ਹੈ। ਪੱਛਮੀ ਦੇਸ਼ਾਂ ਵਿੱਚ ਫੇਅਰੀ ਦੀ ਕਲਪਨਾ ਪੁਲਿੰਗ ਰੂਪ ਵਿੱਚ ਕੀਤੀ ਗਈ ਹੈ, ਜਿਵੇਂ ਭੂਤ,ਪ੍ਰੇਤ, ਜਿੰਨ ਆਦਿ। ਪਰ ਭਾਰਤੀ ਲੋਕ ਕਥਾਵਾਂ ਵਿੱਚ ਪਰੀ ਦਾ ਉਪਯੋਗ ਕੇਵਲ ਫੇਅਰੀ ਮਿਸਟਰੈਸ ਵਜੋਂ ਹੀ ਕੀਤਾ ਜਾਂਦਾ ਹੈ।

ਪਰੀ ਦਾ ਭਾਰਤੀ ਜਾਂ ਪੰਜਾਬੀ ਸੰਕਲਪ ਅਜੇਹੀ ਅਮਾਨਵੀ ਯੁਵਤੀ ਤੋਂ ਹੈ ਜਿਹੜੀ ਆਕਾਸ਼ ਵਿੱਚ ਜਾਂ ਦੂਰ ਪਹਾੜ ਉੱਪਰ ਨਿਵਾਸ ਕਰਦੀ ਹੈ ਅਤੇ ਆਪਣੀ ਅਲੋਕਿਕ ਸੁੰਦਰਤਾ ਕਾਰਨ ਮੋਹਿਤ ਕਰ ਲੈਣ ਦੀ ਸ਼ਕਤੀ ਰਖਦੀ ਹੈ। ਪਰਾਂ ਤੋਂ ਬਗ਼ੈਰ ਕਿਸੇ ਵੀ ਪਰੀ ਦਾ ਕਲਪਨਾ ਨਹੀਂ ਕੀਤੀ ਜਾ ਸਕਦੀ। ਇਨ੍ਹਾਂ ਵਿੱਚ ਇਕ ਸ਼ਹਿਜ਼ਾਦਾ ਅਤੇ ਪਰੀ ਹੰਸ ਉੱਤੇ ਬੈਠ ਕੇ ਪਹਾੜਾਂ, ਦਰਿਆਵਾਂ ਅਤੇ ਸਮੁੰਦਰਾਂ ਨੂੰ ਪਾਰ ਕਰ ਜਾਂਦੇ ਹਨ। ਇਸੇ ਤਰ੍ਹਾਂ ਪਰੀ ਰੂਪ ਵਟਾ ਕੇ ਰੁੱਖ ਜਾਂ ਫੁੱਲ ਬਣ ਜਾਂਦੀ ਹੈ। ਕਿਸੇ ਕਹਾਣੀ ਵਿੱਚ ਕਿਸੇ ਮਨਾਹੀ ਵਾਲ਼ੀ ਥਾਂ ਉਲੰਘਣ ਕਰਕੇ ਬੰਦੇ ਪੱਥਰ ਬਣ ਜਾਂਦੇ ਹਨ, ਕਿਤੇ ਸੋਨੇ ਦੀ ਚਿੜੀ ਬੋਲਣ ਲੱਗਦੀ ਹੈ। ਤੋਤਾ, ਮੈਨਾ ਮਿੱਤਰਾਂ ਤੇ ਸਹੇਲੀਆਂ ਵਾਂਗ ਗੱਲਾਂ ਕਰਦੇ ਹੋਏ ਅਨੋਖਾ ਰੰਗ ਬੰਨ੍ਹ ਦਿੰਦੇ ਹਨ।

ਇਨ੍ਹਾਂ ਵਿੱਚ ਅਤਿਅੰਤ ਕਹਾਣੀ-ਰਸ ਹੁੰਦਾ ਹੈ ਤੇ ਇਨ੍ਹਾਂ ਦਾ ਮੁੱਖ ਉਦੇਸ਼ ਮਨੋਰੰਜਨ ਕਰਨਾ ਹੁੰਦਾ ਹੈ। ਵਿਦਵਾਨਾਂ ਨੂੰ ਇਨ੍ਹਾਂ ਵਿੱਚ ਆਦਿਮ ਵਿਸ਼ਵਾਸ਼, ਰਹੁ ਰੀਤਾਂ ਅਤੇ ਅਨੇਕਾਂ ਰੂੜ੍ਹੀਆਂ ਪ੍ਰਕਾਸ਼ਮਾਨ ਹੁੰਦੀਆਂ ਦਿਖਾਈ ਦਿੰਦੀਆਂ ਹਨ।

ਪਾਤਰ ਕਿਸੇ ਤਲਾਸ਼ ਵਿੱਚ ਘੁੰਮਦੇ ਹਨ ਅਤੇ ਔਕੜਾਂ ਝਾਗਦੇ ਹਨ। ਅੰਤ ਅਜਿਹਾ ਮੌਕਾ-ਮੇਲ ਤੇ ਸੰਯੋਗ ਪੈਦਾ ਹੁੰਦਾ ਹੈ ਕਿ ਉਦੇਸ਼ ਦੀ ਪ੍ਰਾਪਤ ਹੋ ਜਾਂਦੀ ਹੈ। ਇਨ੍ਹਾਂ ਦਾ ਅੰਤ ਸੁਖਾਂਤ ਹੁੰਦਾ ਹੈ। ਇਨ੍ਹਾਂ ਵਿੱਚ ਅਪਹੁੰਚ ਨੂੰ ਹਿੰਮਤ ਤੇ ਸਾਹਸ ਨਾਲ਼ ਪ੍ਰਾਪਤ ਕੀਤਾ ਜਾਂਦਾ ਹੈ। ਇਨ੍ਹਾਂ ਦੇ ਪਾਤਰ ਬੇਹੱਦ ਸੋਹਣੇ ਤੇ ਮੋਹ ਲੈਣ ਵਾਲ਼ੇ ਹੁੰਦੇ ਹਨ।

ਇਨ੍ਹਾ ਦੇ ਪਾਤਰ ਪਰੀਆਂ ਤੇ ਸ਼ਹਿਜਾਦੇ ਹੁੰਦੇ ਹਨ। ਇਹ ਕਲਪਿਤ ਤੇ ਬੇਹੱਦ ਰੁਮਾਂਟਿਕ ਹੁੰਦੀਆਂ ਹਨ। ਇਨ੍ਹਾਂ ਵਿੱਚ ਅਸੰਭਵ ਘਟਨਾਵਾਂ ਵਾਪਰਦੀਆਂ ਹਨ।

ਪੰਜਾਬੀ ਕਥਾਵਾਂ ਵਿੱਚ ਚੋਖੀ ਗਿਣਤੀ ਪਰੀ ਕਥਾਵਾਂ ਦੀ ਹੈ। ਪੰਜਾਬੀ ਦੇ ਪ੍ਰਸਿੱਧ ਕਿੱਸੇ ਸੈਫੁਲਮਲੂਕ ਅਤੇ ਸ਼ਾਹ ਬਹਿਰਾਮ ਵੀ ਪਰੀ ਕਥਾਵਾਂ ਤੇ ਆਧਾਰਿਤ ਹਨ। ਪੰਜਾਬੀ ਪਰੀ ਕਥਾਵਾਂ ਇੱਕ ਲੰਮੇ ਸਭਿਆਚਾਰਿਕ ਪਿਛੋਕੜ ਦੀਆਂ ਧਾਰਨੀ ਹਨ।ਇਹ ਪ੍ਰਾਚੀਨ ਆਰਿਆਈ ਭਾਰਤੀ ਭਾਸ਼ਾਵਾਂ, ਵੈਦਿਕ ਭਾਸ਼ਾ ਅਤੇ ਸੰਸਕ੍ਰਿਤ ਅਤੇ ਮੱਧਕਾਲ ਦੀਆਂ ਪ੍ਰਾਕ੍ਰਿਤਾਂ ਅਤੇ ਅਪਭ੍ਰੰਸ਼ਾਂ ਦੀ ਲੋਕ ਪਰੰਪਰਾ ਰਾਹੀਂ ਸਾਡੇ ਤਰ ਪੁਜੀਆਂ ਹਨ। ਇਹ ਵਿਸ਼ੇਸ਼ ਪ੍ਰਕਾਰ ਦਾ ਗਲਪ ਸਾਹਿਤ ਹੈ, ਜਿਸ ਦਾ ਮੂਲ ਮਨੋਰਥ ਦਿਲ ਪਰਚਾਵਾ ਹੈ। ਬੱਚਿਆਂ ਦੇ ਮਨਾਂ ਅੰਦਰ ਇਨ੍ਹਾਂ ਕਥਾਵਾਂ ਦੀ ਖਾਸ ਖਿੱਚ ਹੈ। ਉਤਸੁਕਤਾ ਭਰਪੂਰ ਘਟਨਾਵਾਂ, ਆਪ ਮੁਹਾਰੀ ਕਲਪਣਾ ਅਤੇ ਗੁੰਦਵੇਂ ਪਲਾਟ ਇਨ੍ਹਾਂ ਕਹਾਣੀਆਂ ਦੇ ਵਿਸ਼ੇਸ਼ ਲੱਛਣ ਹਨ। ਇਨ੍ਹਾਂ ਵਿੱਚ ਪੰਜਾਬੀ ਸਭਿਆਚਾਰ ਦੀ ਖ਼ੁਸ਼ਬੋ ਅਨੁਭਵ ਕੀਤੀ ਜਾ ਸਕਦੀ ਹੈ। ਇਹ ਬਹੁਤ ਕਰਕੇ ਮੌਖਿਕ ਰੂਪ ਵਿੱਚ ਮਿਲਦੀਆਂ ਹਨ, ਜਿਸ ਕਰਕੇ ਇਕ ਇਕ ਕਹਾਣੀ ਦੇ ਕਈ ਕਈ ਰੂਪਾਂਤਰਣ ਪ੍ਰਾਪਤ ਹੁੰਦੇ ਹਨ।

### ਵਸਤੂਨਿਸ਼ਠ ਪ੍ਰਸ਼ਨ ਉਤਰ

ਪ੍ਰ-1 ਪਰੀ ਕਹਾਣੀਆਂ ਕਿੰਨ੍ਹਾਂ ਬਾਰੇ ਹੁੰਦੀਆਂ ਹਨ?
ਉ- ਸ਼ਹਿਜ਼ਾਦਿਆਂ ਤੇ ਪਰੀਆਂ ਬਾਰੇ।

ਪ੍ਰ-2 ਪਰੀ ਕਹਾਣੀਆਂ ਵਿੱਚ ਕਿਹੋ ਜਿਹੀਆਂ ਘਟਨਾਵਾਂ ਵਾਪਰਦੀਆਂ ਹਨ?
ਉ- ਕਾਲਪਨਿਕ ਤੇ ਅਸੰਭਵ।
ਪ੍ਰ-3 ਕਿੰਨ੍ਹਾਂ ਕਹਾਣੀਆਂ ਵਿੱਚ ਅਨੂਠਾ ਤੇ ਅਲੋਕਿਕ ਰੰਗ ਹੁੰਦਾ ਹੈ?
ਉ- ਪਰੀ ਕਥਾਵਾਂ।
ਪ੍ਰ-4 ਪਰੀ ਕਹਾਣੀਆਂ ਵਿੱਚ ਅੰਤ ਕਿਹੋ ਜਿਹਾ ਹੁੰਦਾ ਹੈ?
ਉ- ਸੁਖਾਂਤ।
ਪ੍ਰ-5 ਪੰਜਾਬੀ ਪਰੀ-ਕਹਾਣੀਆਂ ਵਿੱਚ ਕਿਹੜੇ ਸਭਿਆਚਾਰ ਦੀ ਖ਼ੁਸ਼ਬੋ ਅਨੁਭਵ ਕੀਤੀ ਜਾ ਸਕਦੀ ਹੈ?
ਉ- ਪੰਜਾਬੀ।
ਪ੍ਰ-6 ਪਰੀ ਕਹਾਣੀਆਂ ਵਿੱਚ ਲੋਹੜੇ ਦਾ ਹੁੰਦਾ ਹੈ?
ਉ- ਕਹਾਣੀ ਰਸ।
ਪ੍ਰ-7 ਕਿਹੜੀਆਂ ਕਹਾਣੀਆਂ ਦੇ ਪਾਤਰ ਤਲਾਸ਼ ਵਿੱਚ ਤੁਰਦੇ ਹਨ?
ਉ- ਪਰੀ ਕਹਾਣੀਆਂ ਦੇ।
ਪ੍ਰ-8 ਪਿਛਲੇ ਕੁਝ ਸਮੇਂ ਤੱਕ ਪਰੀ ਕਹਾਣੀਆਂ ਸਨ?
ਉ- ਮੌਖਿਕ ਸਾਹਿਤ।

ਪ੍ਰ-9ਉਤਸੁਕਤਾ ਭਰਪੂਰ ਘਟਨਾਵਾਂ,ਆਪ ਮੁਹਾਰੀ ਕਲਪਣਾ, ਅਤੇ ਗੁੰਦਵੇਂ ਪਲਾਟ ਕਿੰਨਾ ਕਹਾਣੀਆਂ ਦੇ ਵਿਸ਼ੇਸ਼ ਲੱਛਣ ਹਨ?
ਉ- ਪਰੀ ਕਹਾਣੀਆਂ ਦੇ।
ਪ੍ਰ-10 ਪੰਜਾਬੀ ਦੇ ਪ੍ਰਸਿੱਧ ਕਿੱਸੇ ਸੈਫੁਲ ਮਲੂਕ ਤੇ ਸ਼ਾਹ ਬਹਿਰਾਮ ਕਿਸ ਤੇ ਆਧਾਰਿਤ ਹਨ?
ਉ- ਪਰੀ ਕਥਾਵਾਂ ਤੇ।

## ਨੀਲ ਕੰਵਲ

ਕਿਸੇ ਸ਼ਹਿਰ ਵਿੱਚ ਰਹਿੰਦਾ ਇਕ ਸੁਦਾਗਰ ਜਦੋਂ ਵਪਾਰ ਲਈ ਘਰੋਂ ਤੁਰਨ ਲੱਗਾ, ਤਾਂ ਉਸ ਦੀ ਪਤਨੀ ਨੇ ਪੁੱਛਿਆ ਕਿ ਉਸ ਦੇ ਘਰੋਂ ਜਾਣ ਪਿੱਛੋਂ ਉਸ ਨੂੰ ਉਸ ਦੀ ਸੁਖ-ਸਾਂਦ ਦਾ ਪਤਾ ਕਿਵੇਂ ਲੱਗੇਗਾ। ਸੁਦਾਗਰ ਨੇ ਉਸ ਨੂੰ ਇਕ ਚਮਕਦੀ ਛੁਰੀ ਦੇ ਕੇ ਕਿਹਾ ਕਿ ਜਦੋਂ ਤਕ ਇਹ ਇੰਞ ਚਮਕਦੀ ਰਹੇ, ਉਹ ਉਸ ਨੂੰ ਠੀਕ ਸਮਝੇ, ਜਦੋਂ ਕਾਲੀ ਪੈ ਜਾਵੇ, ਉਹ ਸਮਝ ਲਵੇ ਉਹ ਬਿਮਾਰ ਹੈ ਤੇ ਜਦੋਂ ਉਸ ਉੱਪਰ ਲਹੂ ਸਿੰਮ ਆਵੇ ਤਾਂ ਉਹ ਉਸਨੂੰ ਮਰਿਆ ਸਮਝੇ।

ਸੁਦਾਗਰ ਦੁਆਰਾ ਪਤਨੀ ਨੂੰ ਉਸ ਦੀ ਸੁੱਖ-ਸਾਂਦ ਦਾ ਚਿੰਨ੍ਹ ਪੁੱਛੇ ਜਾਣ ਤੇ ਉਸ ਨੇ ਤਲਾ ਵਿੱਚੋਂ ਨੀਲ ਕੰਵਲ ਦਾ ਫੁੱਲ ਤੋੜ ਕੇ ਇੱਕ ਕੁੱਜੇ ਵਿੱਚ ਪਾ ਕੇ ਦਿੰਦਿਆਂ ਉਸ ਨੂੰ ਕਿਹਾ ਕਿ ਜਦੋਂ ਤੱਕ ਉਹ ਖਿੜਿਆ ਰਹੇ, ਉਹ ਉਸ ਨੂੰ ਰਾਜੀ ਖੁਸ਼ੀ ਸਮਝੇ, ਪਰ ਜਦੋਂ ਉਹ ਮੁਰਝਾ ਜਾਵੇ, ਉਹ ਉਸ ਨੂੰ ਮੁਸੀਬਤ ਵਿੱਚ ਸਮਝੇ।

ਸੁਦਾਗਰ ਵਪਾਰ ਲਈ ਹੀਰੇ ਮੋਤੀ ਆਦਿ ਲੈ ਕੇ ਜਦੋਂ ਦੂਜੇ ਦੇਸ਼ ਦੇ ਰਾਜੇ ਕੋਲ ਪੁੱਜਾ । ਹੀਰੇ-ਮੋਤੀ ਦੇਖਦੇ ਰਾਜੇ ਨੂੰ ਕੁੱਜੇ ਵਿੱਚ ਪਾਣੀ ਤੋਂ ਬਿਨਾਂ ਤਾਜ਼ੇ ਪਏ ਕੰਵਲ ਫੁੱਲ ਨੂੰ ਦੇਖ ਕੇ ਹੈਰਾਨੀ ਹੋਈ। ਜਦੋਂ ਉਸ ਨੂੰ ਪੁੱਛਣ ਤੇ ਸੁਦਾਗਰ ਨੇ ਉਸ ਦੀ ਖ਼ਾਸੀਅਤ ਤੇ ਆਪਣੀ ਪਤਨੀ ਦੇ ਪ੍ਰੇਮ ਬਾਰੇ ਦੱਸਿਆ, ਤਾਂ ਰਾਜੇ ਦੇ ਮਨ ਵਿੱਚ ਉਸ ਸੁੰਦਰ ਤੇ ਗੁਣਵਾਨ ਇਸਤਰੀ ਨੂੰ ਵੇਖਣ ਦੀ ਇੱਛਾ ਪੈਦਾ ਹੋ ਗਈ। ਜਦੋਂ ਰਾਜੇ ਨੇ ਵਜ਼ੀਰਨੂੰ ਆਪਣੀ ਇੱਛਾ ਪੂਰੀ ਕਰਨ ਲਈ ਕਿਹਾ, ਤਾਂ ਵਜ਼ੀਰ ਨੇ ਇਕ ਤਾਂ ਸੁਦਾਗਰ ਨੂੰ ਹੋਰ ਛੇ ਮਹੀਨੇ ਆਪਣੇ ਰਾਜ ਵਿੱਚ ਰਹਿਣ ਲਈ ਮਜ਼ਬੂਰ ਕਰ ਲਿਆ ਤੇ ਦੂਸਰੇ ਉਸ ਨੇ ਦੋ ਫੱਫੇਕੁੱਟਣੀਆਂ ਦੇ ਜ਼ਿੰਮੇ ਸੁਦਾਗਰ ਦੀ ਪਤਨੀ ਨੂੰ ਰਾਜੇ ਕੋਲ ਲਿਆਉਣ ਦਾ ਕੰਮ ਲਾਇਆ।

ਅਸੰਭਵ ਕੰਮ ਕਰਨ ਵਿੱਚ ਮਾਹਰ ਸਮਝਣ ਵਾਲ਼ੀਆਂ ਉਹ ਫੱਫੇਕੁੱਟਣੀਆਂ ਜਦੋਂ ਸੁਦਾਗਰ ਦੇ ਘਰ ਪਹੁੰਚੀਆਂ, ਤਾਂ ਇਕ ਨੇ ਸੁਦਾਗਰ ਦੀ ਪਤਨੀ ਨੂੰ ਦੱਸਿਆ ਕਿ ਉਹ ਉਸ ਦੀ ਨਾਨੀ ਦੀ ਭੈਣ ਹੈ ਤੇ ਨਾਲ਼ ਦੀ ਫੱਫੇਕੁੱਟਣੀ ਨੂੰ ਉਸ ਨੇ ਆਪਣੀ ਗੁਆਂਢਣ ਦੱਸਿਆ।

ਸੁਦਾਗਰ ਦੀ ਸਿਆਣੀ ਪਤਨੀ ਨੇ ਕਿਹਾ ਕਿ ਉਸ ਨੇ ਉਨ੍ਹਾਂ ਨੂੰ ਅੱਗੇ ਕਦੇ ਤਾਂ ਵੇਖਿਆ ਨਹੀਂ, ਤਾਂ ਪਹਿਲੀ ਫੱਫੇਕੁੱਟਣੀ ਬੋਲੀ ਕਿ ਉਹ ਉਦੋਂ ਵੀ ਬਹੁਤ ਛੋਟੀ ਸੀ, ਜਦੋਂ ਉਹ ਤੀਰਥਾਂ ਤੇ ਚਲੀਆਂ ਗਈਆਂ ਸਨ ਤੇ ਉਸ ਨੇ ਉਸ ਨੂੰ ਉਸ ਦੇ ਠੋਡੀ ਉੱਪਰਲੇ ਤਿਲ ਤੋਂ ਪਛਾਣਿਆ ਹੈ। ਸੁਦਾਗਰ ਦੀ ਪਤਨੀ ਨੂੰ ਯਕੀਨ ਹੋ ਗਿਆ ਕਿ ਉਹ ਦੋਵੇਂ ਔਰਤਾਂ ਝੂਠੀਆਂ ਹਨ। ਕਿਉਂਕਿ ਉਸਨੇ ਉਹ ਤਿਲ ਉਸੇ ਦਿਨ ਸੁਰਮੇ ਨਾਲ਼ ਬਣਾਇਆ ਸੀ। ਪਰ ਉਸ ਨੇ ਹੁਸ਼ਿਆਰੀ ਨਾਲ਼ ਫੁੱਫੇਕੁੱਟਣੀਆਂ ਦੀ ਪ੍ਰਾਹੁਣਾਚਾਰੀ ਕਰਦਿਆਂ ਉਨ੍ਹਾਂ ਨੂੰ ਸਾਗ ਵਿੱਚ ਭੰਗ ਖੁਆ ਦਿੱਤੀ, ਜਿਸ ਦਾ ਨਸ਼ਾ ਚੜ੍ਹਨ ਤੇ ਉਹ ਆਪਣੇ ਮੰਤਵ ਬਾਰੇ ਸੱਚ ਬੋਲਣ ਲੱਗੀਆਂ ਤੇ ਕਹਿਣ ਲੱਗੀਆਂ ਕਿ ਉਹ ਸੁਦਾਗਰ ਦੀ ਪਤਨੀ ਨੂੰ ਲਿਜਾ ਕੇ ਰਾਜੇ ਤੋਂ ਭਾਰੀ ਇਨਾਮ ਪ੍ਰਾਪਤ ਕਰਨਗੀਆਂ।

ਜਦੋਂ ਉਹ ਨਸ਼ੇ ਵਿੱਚ ਘੂਕ ਸੌਂ ਗਈਆਂ, ਤਾਂ ਸੁਦਾਗਰ ਦੀ ਪਤਨੀ ਨ ਉਨ੍ਹਾਂ ਨੂੰ ਮੰਜੇ ਨਾਲ਼ ਬੰਨ੍ਹ ਕੇ ਅੰਦਰਲੇ ਕੋਠੇ ਵਿੱਚ ਬੰਦ ਕਰ ਦਿੱਤਾ। ਉਹ ਉਨ੍ਹਾਂ ਨੂੰ ਭੰਗ ਦੇ ਪਕੌੜੇ ਖੁਆਉਂਦੀ ਰਹਿੰਦੀ ਤੇ ਉਹ ਘੂਕ ਸੁੱਤੀਆਂ ਰਹਿੰਦੀਆਂ।

ਫੱਫੇਕੁੱਟਣੀਆਂ ਦੇ ਕਈ ਦਿਨ ਵਾਪਸ ਨਾ ਪਰਤਣ ਤੇ ਰਾਜੇ ਨੇ ਦੋ ਠੱਗਾਂ ਨੂੰ ਸੁਦਾਗਰ ਦੀ ਪਤਨੀ ਨੂੰ ਲਿਆਉਣ ਦਾ ਕੰਮ ਸੌਂਪਿਆ। ਦੋਹਾਂ ਠੱਗਾਂ ਨੇ ਸੁਦਾਗਰਾਂ ਦੇ ਭੇਸ ਵਿੱਚ ਸੁਦਾਗਰ ਦੀ ਪਤਨੀ ਕੋਲ ਪਹੁੰਚ ਕੇ ਉਸ ਨੂੰ ਦੱਸਿਆ ਕਿ ਉਸ ਦਾ ਪਤੀ ਬਿਮਾਰੀ ਕਾਰਨ ਮੰਜੇ ਤੋਂ ਉੱਠ ਨਹੀਂ ਸਕਦਾ, ਪਰ ਉਸ ਨੂੰ ਮਿਲਣ ਲਈ ਤਰ ਰਿਹਾ ਹੈ। ਸੁਦਾਗਰ ਦੀ ਪਤਨੀ ਨੇ ਅੰਦਰ ਜਾ ਕੇ ਛੁਰੀ ਨੂੰ ਚਮਕਦਿਆਂ ਦੇਖਿਆ, ਤਾਂ ਉਹ ਸਮਝ ਗਈ ਕਿ ਦੋਵੇਂ ਬੰਦੇ ਝੂਠੇ ਹਨ। ਉਸ ਨੇ ਉਨ੍ਹਾਂ ਦੀ ਆਉ-ਭਗਤ ਕਰਦਿਆਂ ਉਨ੍ਹਾਂ ਨੂੰ ਭੰਗ ਦੇ ਪਕੌੜੇ ਖੁਆ ਕੇ ਘੂਕ ਸੁਲਾ ਦਿੱਤਾ ਤੇ ਫਿਰ ਉਨ੍ਹਾਂ ਨੂੰ ਦੂਸਰੀ ਕੋਠੜੀ ਵਿੱਚ ਡੱਕ ਦਿੱਤਾ।

ਕਈ ਦਿਨ ਵਿਅਰਥ ਉਡੀਕ ਕਰਨ ਮਗਰੋਂ ਰਾਜੇ ਨੇ ਵਜ਼ੀਰ ਨਾਲ਼ ਸਲਾਹ ਕੀਤੀ ਤੇ ਦੋਵੇਂ ਸੁਦਾਗਰ ਦੇ ਘਰ ਪੁੱਜੇ। ਸੁਦਾਗਰ ਦੀ ਪਤਨੀ ਨੇ ਬੂਹਾ ਖੋਲ੍ਹਿਆ ਤੇ ਉਹ ਕਹਿਣ ਲੱਗੇ ਕਿ ਉਹ ਸੁਦਾਗਰ ਦੀ ਪਤਨੀ ਨੂੰ ਮਿਲਣ ਆਏ ਹਨ। ਸੁਦਾਗਰ ਦੀ ਪਤਨੀ ਕਹਿਣ ਲੱਗੀ ਕਿ ਉਹ ਉਸ ਦੀ ਦਾਸੀ ਹੈ। ਉਹ ਬੈਠ ਕੇ ਭੋਜਨ ਛਕਣ, ਫਿਰ ਮਾਲਕਣ ਨੂੰ ਮਿਲ ਲੈਣ।

ਇਸ ਪਿੱਛੋਂ ਉਹ ਉਨ੍ਹਾਂ ਨੂੰ ਰੋਟੀ ਖੁਆਣ ਲੱਗੀ ਤੇ ਜਦੋਂ ਵੀ ਕੋਈ ਚੀਜ਼, ਸਬਜੀ ਜਾਂ ਰੋਟੀ ਆਦਿ ਲੈ ਕੇ ਆਉਂਦੀ,ਭੇਸ ਵਟਾ ਕੇ ਆਉਂਦੀ। ਰਾਜਾ ਤੇ ਵਜ਼ੀਰ ਸਮਝਣ ਲੱਗੇ ਕਿ ਸੁਦਾਗਰ ਦੀ ਪਤਨੀ ਦੀਆਂ ਕਈ ਦਾਸੀਆਂ ਹਨ। ਜਦੋਂ ਉਹ ਤੀਜੀ ਵਾਰੀ ਆਈ, ਤਾਂ ਵਜ਼ੀਰ ਉਸ ਨੂੰ ਕਹਿਣ ਲੱਗਾ ਕਿ ਤੁਹਾਡੀਆਂ ਸਭ ਦੀਆਂ ਸ਼ਕਲਾਂ ਬਹੁਤ ਮਿਲਦੀਆਂ ਹਨ। ਉਹ ਕਹਿਣ ਲੱਗੀ ਕਿ ਉਹ ਤਿੰਨੇ ਭੈਣਾਂ ਸੁਦਾਗਰ ਦੀ ਪਤਨੀ ਦੀਆਂ ਦਾਸੀਆਂ ਹਨ। ਵਜ਼ੀਰ ਕਹਿਣ ਲੱਗਾ ਕਿ ਜੇਕਰ ਉਹ ਸੁਦਾਗਰ ਦੀ ਪਤਨੀ ਨੂੰ ਰਾਜੇ ਦੇ ਮਹਿਲਾਂ ਵਿੱਚ

ਲਿਜਾਣ ਵਿੱਚ ਉਨ੍ਹਾਂ ਦੀ ਮੱਦਦ ਕਰੇ, ਤਾਂ ਉਹ ਉਸ ਨੂੰ ਬਹੁਤ ਸਾਰਾ ਇਨਾਮ ਦੇਣਗੇ। ਸੁਦਾਗਰ ਦੀ ਪਤਨੀ ਨੇ ਕਿਹਾ ਕਿ ਇਹ ਕੰਮ ਮੁਸ਼ਕਿਲ ਨਹੀ, ਪਰ ਉਹ ਇੱਕ ਵੱਡਾ ਸਾਰਾ ਡੋਲਾ ਤਿਆਰ ਕਰਨ, ਜਿਸ ਵਿੱਚ ਮਾਲਕਣ ਤੇ ਉਹ ਤਿੰਨੇ ਬੈਠ ਸਕਣ। ਪਰ ਸ਼ਰਤ ਇਹ ਹੋਵੇਗੀ ਕਿ ਉਹ ਮਹਿਲਾਂ ਤੋਂ ਉਰੇ ਰਾਹ ਵਿੱਚ ਨਾ ਡੋਲਾ ਰੋਕਣ ਤੇ ਨਾ ਹੀ ਮਾਲਕਣ ਨੂੰ ਬੁਲਾਉਣ।

ਵਜ਼ੀਰ ਨੇ ਡੋਲਾ ਤਿਆਰ ਕਰਾ ਲਿਆਂਦਾ। ਸੁਦਾਗਰ ਦੀ ਪਤਨੀ ਨੇ ਡੋਲਾ ਵਿਹੜੇ ਵਿੱਚ ਰਖਾ ਕੇ ਰਾਜੇ ਤੇ ਵਜ਼ੀਰ ਨੂੰ ਬਾਹਰ ਭੇਜ ਦਿੱਤਾ ਤੇ ਅੰਦਰੋਂ ਦੋਹਾਂ ਫੱਫੇਕੁੱਟਣੀਆਂ ਤੇ ਦੋਹਾਂ ਠੱਗਾਂ ਨੂੰ ਭੰਗ ਦੇ ਪਕੌੜਿਆਂ ਨਾਲ਼ ਬੇਹੋਸ਼ ਕਰ ਕੇ, ਉਨ੍ਹਾਂ ਦੇ ਮੂੰਹ-ਸਿਰ ਮੁੰਨ ਕੇ, ਕਾਲਖ ਮਲ ਕੇ, ਮੂੰਹ ਤੇ ਹੱਥ-ਪੈਰ ਬੰਨ੍ਹ ਕੇ ਤੇ ਡੋਲੇ ਵਿੱਚ ਸੁੱਟ ਕੇ ਚੰਗੀ ਤਰ੍ਹਾਂ ਬੰਦ ਕਰ ਦਿੱਤਾ। ਫਿਰ ਉਸ ਨੇ ਬਾਹਰ ਆ ਕੇ ਰਾਜੇ ਤੇ ਵਜ਼ੀਰ ਨੂੰ ਕਿਹਾ ਕਿ ਉਹ ਡੋਲੇ ਵਿੱਚ ਬੈਠਣ ਲੱਗੀਆਂ ਹਨ,ਉਹ ਕਹਾਰ ਮੰਗਵਾ ਕੇ ਡੋਲਾ ਲੈ ਚਲਣ।

ਜਦੋਂ ਰਾਜਾ ਤੇ ਵਜ਼ੀਰ ਡੋਲਾ ਲੈ ਕੇ ਆਪਣੇ ਮਹਿਲਾਂ ਵਿੱਚ ਪੁੱਜੇ, ਤਾਂ ਡੋਲਾ ਖੋਲ੍ਹ ਕੇ ਦੇਖਿਆ, ਤਾਂ ਉਹ ਫੱਫੇਕੁੱਟਣੀਆਂ ਤੇ ਠੱਗਾਂ ਨੂੰ ਦੇਖ ਕੇ ਹੱਥ ਮਲਦੇ ਰਹਿ ਗਏ।

ਇਸ ਪਿੱਛੋਂ ਵਜ਼ੀਰ ਨੇ ਰਾਜੇ ਨਾਲ਼ ਸਲਾਹ ਕਰਕੇ ਇਕ ਹੋਰ ਚਾਲ ਚੱਲੀ। ਉਸ ਨੇ ਸੁਦਾਗਰ ਨੂੰ ਕਿਹਾ ਕਿ ਰਾਜਾ ਉਸ ਉੱਪਰ ਬਹੁਤ ਖ਼ੁਸ਼ ਹੈ ਤੇ ਉਹ ਉਸ ਨੂੰ ਆਪਣਾ ਮੰਤਰੀ ਬਣਾਉਣਾ ਚਾਹੁੰਦਾ ਹੈ, ਜਿਸ ਕਰਕੇ ਉਸ ਨੂੰ ਹੁਣ ਉੱਥੇ ਹੀ ਰਹਿਣਾ ਪਵੇਗਾ ਤੇ ਉਹ ਆਪਣੀ ਪਤਨੀ ਨੂੰ ਵੀ ਉੱਥੇ ਲੈ ਆਵੇ।

ਸੁਦਾਗਰ ਨੇ ਜਦੋਂ ਘਰ ਆ ਕੇ ਆਪਣੀ ਪਤਨੀ ਨੂੰ ਇਹ ਗੱਲ ਦੱਸੀ, ਤਾਂ ਉਸ ਨੇ ਕਿਹਾ ਕਿ ਇਸ ਵਿੱਚ ਰਾਜੇ ਦੀ ਕੋਈ ਚਾਲ ਹੈ, ਪਰ ਉਸ ਦੇ ਸਿਰ ਉੱਤੇ ਮੰਤਰੀ ਬਣਨ ਦਾ ਭੂਤ ਸਵਾਰ ਸੀ , ਜਿਸ ਕਰਕੇ ਉਸ ਨੇ ਇਕ ਨਾ ਮੰਨੀ ਤੇ ਪਤਨੀ ਨੂੰ ਲੈਕੇ ਰਾਜੇ ਦੇ ਮਹਿਲਾਂ ਦੇ ਨੇੜੇ ਇਕ ਹਵੇਲੀ ਵਿੱਚ ਆ ਗਿਆ। ਕੁੱਝ ਦਿਨਾਂ ਮਗਰੋਂ ਰਾਜੇ ਦੀ ਇੱਛਾ ਪੂਰੀ ਕਰਨ ਲਈ ਵਜ਼ੀਰ ਨੇ ਸੁਦਾਗਰ ਨੂੰ ਗੱਲ ਦੀ ਸਮਝ ਨਾ ਲੱਗੀ, ਪਰ ਜਦੋਂ ਉਸ ਨੇ ਆਪਣੀ ਪਤਨੀ ਨਾਲ਼ ਗੱਲ ਕੀਤੀ, ਤਾਂ ਉਹ ਰਾਜੇ ਦੀ ਚਾਲ ਸਮਝ ਗਈ। ਉਸ ਨੇ ਆਪਣੇ ਪਤੀ ਨਾਲ਼ ਮਿਲ ਕੇ ਘਰ ਵਿਚ ਦੋ ਟੋਏ ਪੁੱਟੇ। ਇਕ ਵਿੱਚ ਗੁੜ ਦਾ ਸ਼ੀਰਾ ਭਰ ਦਿੱਤਾ ਤੇ ਦੂਜੇ ਵਿੱਚ ਪੰਛੀਆਂ ਦੇ ਖੰਭ। ਫਿਰ ਉਸ ਨੇ ਆਪਣੇ ਪਤੀ ਨੂੰ ਕਿਹਾ ਕਿ ਉਹ ਬਾਹਰ ਜਾ ਕੇ ਸਭ ਨੂੰ ਦੱਸ ਦੇਵੇ ਕਿ ਉਹ ਕੁੱਝ ਲੈਣ ਲਈ ਕਿਸੇ ਹੋਰ ਦੇਸ਼ ਜਾ ਰਿਹਾ ਹੈ। ਉਂਞ ਉਹ ਦਿਨ ਭਰ ਬਾਹਰ ਜੰਗਲ ਵਿਚ ਰਹਿ ਕੇ ਰਾਤੀ ਘਰ ਆ ਕੇ ਸੌਂ ਜਾਇਆ ਕਰੇ।

ਪਹਿਲੇ ਹੀ ਦਿਨ ਰਾਜੇ ਨੂੰ ਪਤਾ ਲੱਗ ਗਿਆ ਕਿ ਸੁਦਾਗਰ ਕਿਸੇ ਹੋਰ ਦੇਸ਼ ਨੂੰ ਚਲਾ ਗਿਆ ਹੈ। ਰਾਤ ਨੂੰ ਉਹ ਸੁਦਾਗਰ ਦੇ ਘਰ ਪੁੱਜਾ ਤੇ ਉਸ ਦੀ ਪਤਨੀ ਨੂੰ ਕਹਿਣ ਲੱਗਾ ਕਿ ਉਹ ਉਸ ਦੀ ਸੁਖ-ਸਾਂਦ ਪੁੱਛਣ ਆਇਆ ਹੈ। ਸੁਦਾਗਰ ਦੀ ਪਤਨੀ ਨੇ ਉੱਪਰੋਂ ਖ਼ੁਸ਼ੀ ਜ਼ਾਹਿਰ ਕੀਤੀ ਤੇ ਉਸ ਨੂੰ ਪਾਣੀ ਆਦਿ ਪਿਲਾਉਣ ਲੱਗੀ। ਇੰਨ੍ਹੇ ਨੂੰ ਸੁਦਾਗਰ ਨੇ ਦਰਵਾਜ਼ਾ ਖੜਕਾ ਕੇ ਕਿਹਾ ਕਿ ਉਹ ਘਰ ਆਪਣੀ ਤਲਵਾਰ ਭੁੱਲ ਗਿਆ ਸੀ, ਇਸ ਕਰਕੇ ਮੁੜ ਆਇਆ ਹੈ।

ਜਦੋਂ ਸੁਦਾਗਰ ਦੀ ਪਤਨੀ ਬੂਹਾ ਖੋਲ੍ਹਣ ਲੱਗੀ ਤਾਂ ਰਾਜੇ ਨੇ ਕਿਹਾ ਕਿ ਉਹ ਉਸ ਨੂੰ ਕਿਧਰੇ ਲੁਕਾ ਦੇਵੇ, ਨਹੀਂ ਤਾਂ ਉਸ ਦੀ ਬੜੀ ਬਦਨਾਮੀ ਹੋਵੇਗੀ। ਸੁਦਾਗਰ ਦੀ ਪਤਨੀ ਦੇ ਕਹਿਣ ਉੱਤੇ ਜਦੋਂ ਉਹ ਸ਼ੀਰੇ ਵਾਲ਼ੇ ਟੋਏ ਵਿੱਚ ਵੜਿਆ, ਤਾਂ ਉਸ ਦਾ ਸਰੀਰ ਸ਼ੀਰੇ ਨਾਲ਼ ਲਿਬੜ ਗਿਆ। ਜਦੋਂ ਉਹ ਘਬਰਾ ਕੇ ਬਾਹਰ ਨਿਕਲਿਆ ਤਾਂ ਸੁਦਾਗਰ ਦੀ ਪਤਨੀ ਨੇ ਉਸ ਨੂੰ ਖੰਭਾਂ ਵਾਲੇ ਟੋਏ ਵਿੱਚ ਧੱਕ ਦਿੱਤਾ ਤੇ ਨਾਲ਼ ਹੀ ਦਰਵਾਜ਼ਾ ਖੋਲ੍ਹ ਦਿੱਤਾ। ਉਹ ਆਪਣੇ ਪਤੀ ਨੂੰ ਕਹਿਣ ਲੱਗੀ ਕਿ ਉਸ ਨੂੰ ਬਾਹਰ ਜਾਣ ਦੀ ਲੋੜ ਨਹੀਂ,ਕਿਉਂਕਿ ਕੁੱਝ ਫੜ ਲਿਆ ਹੈ।

ਦੋਹਾਂ ਨੇ ਰਾਜੇ ਨੂੰ ਖੰਭਾਂ ਵਾਲੇ ਟੋਏ ਵਿੱਚੋਂ ਬਾਹਰ ਕੱਢਿਆ। ਸਰੀਰ ਉੱਪਰ ਬਹੁਤ ਸਾਰੇ ਖੰਭ ਚਿੰਬੜੇ ਹੋਣ ਕਰਕੇ ਰਾਜਾ ਪਛਾਣ ਨਹੀਂ ਸੀ ਹੁੰਦਾ। ਰਾਜਾ ਵੀ ਡਰਦਾ ਮਾਰਿਆ ਨਾ ਬੋਲਿਆ।

ਸੁਦਾਗਰ ਦੀ ਪਤਨੀ ਨੇ ਰਾਜੇ ਦੇ ਗਲ ਵਿੱਚ ਰੱਸਾ ਪਾ ਕੇ ਕਿਹਾ ਕਿ ਉਸਨੂੰ ਵਜ਼ੀਰ ਦੇ ਹਵਾਲੇ ਕਰ ਆਈ। ਸੁਦਾਗਰ ਨੇ ਇਵੇਂ ਹੀ ਕੀਤਾ ਤੇ ਵਜ਼ੀਰ ਨੂੰ ਕੁੱਝ ਸੌਂਪ ਕੇ ਆਪ ਘਰ ਆ ਗਿਆ। ਰਾਜਾ ਉੱਚੀ-ਉੱਚੀ ਰੋਣ ਲੱਗ ਪਿਆ। ਵਜ਼ੀਰ ਨੇ ਰਾਜੇ ਨੂੰ ਪਛਾਣ ਲਿਆ। ਦੋਹਾਂ ਨੇ ਸੁਦਾਗਰ ਦੀ ਪਤਨੀ ਤੋਂ ਤੋਬਾ ਕੀਤੀ।

ਦੂਜੇ ਦਿਨ ਸੁਦਾਗਰ ਨੇ ਰਾਜੇ ਦੇ ਦਰਬਾਰ ਵਿੱਚ ਦੱਸਿਆ ਕਿ ਉਸ ਨੇ ਵਜ਼ੀਰ ਨੂੰ ਕੁੱਝ ਸੌਂਪ ਦਿੱਤਾ ਹੈ। ਰਾਜੇ ਨੇ ਕਿਹਾ ਕਿ ਉਸਨੇ ਕੁੱਝ ਦੇਖ ਲਿਆ ਹੈ। ਉਸ ਨੇ ਸੁਦਾਗਰ ਨੂੰ ਬਹੁਤ ਸਾਰਾ ਧਨ ਦਿੱਤਾ। ਸੁਦਾਗਰ ਨੇ ਰਾਜੇ ਨੂੰ ਕਿਹਾ ਕਿ ਉਹ ਉਸ ਦੇ ਘਰ ਚਰਨ ਪਾਏ। ਵਜ਼ੀਰ ਬੋਲਿਆ ਕਿ ਰਾਜਾ ਸਾਹਿਬ ਨੇ ਕਿਸੇ ਦੇ ਵੀ ਘਰ ਨਾ ਜਾਣ ਦੀ ਕਸਮ ਖਾਧੀ ਹੋਈ ਹੈ।

## ਵਸਤੂਨਿਸ਼ਠ ਪ੍ਰਸ਼ਨ ਉੱਤਰ

ਪ੍ਰ-1 ਨੀਲ ਕਮਲ ਲੋਕ ਕਹਾਣੀ ਕਿਹੜੀ ਵੰਨਗੀ ਦੀ ਹੈ?
ਉ- ਪਰੀ ਕਥਾ।
ਪ੍ਰ-2 ਨੀਲ ਕਮਲ ਕਹਾਣੀ ਦੇ ਦੋ ਪਾਤਰਾ ਦੇ ਨਾਂ ਲਿਖੋ?

ਉ- ਸੁਦਾਗਰ ਤੇ ਉਸ ਦੀ ਪਤਨੀ
ਪ੍ਰ-3 ਸੁਦਾਗਰ ਨੇ ਆਪਣੀ ਪਤਨੀ ਨੂੰ ਕੀ ਦਿੱਤਾ?
ਉ- ਇਕ ਚਮਕਦੀ ਛੁਰੀ।
ਪ੍ਰ-4 ਪਤਨੀ ਨੇ ਸੁਦਾਗਰ ਨੂੰ ਕੀ ਦਿੱਤਾ?
ਉ- ਨੀਲ ਕਮਲ।
ਪ੍ਰ-5 ਸੁਦਾਗਰ ਨੇ ਰਾਜੇ ਕੋਲ ਕੀ ਵੇਚਿਆ?
ਉ- ਹੀਰੇ-ਮੋਤੀ।
ਪ੍ਰ-6 ਰਾਜੇ ਨੂੰ ਨੀਲ ਕਮਲ ਬਾਰੇ ਸੁਣ ਕੇ ਸੁਦਾਗਰ ਦੀ ਪਤਨੀ ਕਿਹੋ ਜਿਹੀ ਪ੍ਰਤੀਤ ਹੋਈ?
ਉ- ਸੁੰਦਰ ਤੇ ਗੁਣਵਾਨ।
ਪ੍ਰ-7 ਰਾਜੇ ਨੇ ਸੁਦਾਗਰ ਦੀ ਪਤਨੀ ਨੂੰ ਮਿਲਣ ਦੀ ਇੱਛਾ ਕਿਸ ਨੂੰ ਦੱਸੀ?
ਉ-ਆਪਣੇ ਵਜ਼ੀਰ ਨੂੰ।
ਪ੍ਰ-8 ਕੌਣ ਗੇਰੂਏ ਕੱਪੜੇ ਪਾ ਕੇ ਸੁਦਾਗਰ ਦੇ ਸ਼ਹਿਰ ਵਲ ਤੁਰ ਪਈਆਂ?
ਉ- ਦੋ ਫੱਫੇਕੁੱਟਣੀਆਂ।
ਪ੍ਰ-9 ਸੁਦਾਗਰ ਦੀ ਪਤਨੀ ਦੀ ਠੋਡੀ ਉੱਤੇ ਕੀ ਸੀ?
ਉ-ਸੁਰਮੇ ਨਾਲ਼ ਬਣਾਇਆ ਤਿਲ।
ਪ੍ਰ-10 ਸੁਦਾਗਰ ਦੀ ਪਤਨੀ ਨੇ ਫੱਫੇਕੁੱਟਣੀਆਂ ਨੂੰ ਕਾਹਦੇ ਪਕੌੜੇ ਖੁਆਉਣੇ ਸ਼ੁਰੂ ਕਰ ਦਿੱਤੇ ?
ਉ- ਭੰਗ ਦੇ।
ਪ੍ਰ-11 ਸੁਦਾਗਰ ਦੀ ਪਤਨੀ ਵਲ ਦੋ ਠਗਾਂ ਨੂੰ ਕਿਸ ਨੇ ਭੇਜਿਆ?
ਉ- ਰਾਜੇ ਨੇ।
ਪ੍ਰ-12 ਸੁਦਾਗਰ ਦੀ ਪਤਨੀ ਨੇ ਠੱਗਾ ਨੂੰ ਕੀ ਖਵਾਇਆ?
ਉ- ਭੰਗ ਦੇ ਪਕੌੜੇ।
ਪ੍ਰ-13 ਸੁਦਾਗਰ ਦੀ ਪਤਨੀ ਨੇ ਰਾਜੇ ਤੇ ਵਜ਼ੀਰ ਨੂੰ ਆਪਣੇ ਬਾਰੇ ਕੀ ਦੱਸਿਆ?
ਉ- ਸੁਦਾਗਰ ਦੀ ਪਤਨੀ ਦੀ ਦਾਸੀ।
ਪ੍ਰ-14 ਰਾਜਾ ਸੁਦਾਗਰ ਦੀ ਪਤਨੀ ਨੂੰ ਕਿੱਥੇ ਲਿਜਾਣਾ ਚਾਹੁੰਦਾ ਸੀ?
ਉ- ਆਪਣੇ ਮਹਿਲਾਂ ਵਿੱਚ।
ਪ੍ਰ-15 ਸੁਦਾਗਰ ਦੀ ਪਤਨੀ ਨੇ ਉਨ੍ਹਾਂ ਨੂੰ ਡੋਲੇ ਵਿੱਚ ਸੁੱਟ ਦਿਤਾ?
ਉ- ਦੋਹਾਂ ਬੇਹੋਸ਼ ਠਗਾਂ ਤੇ ਫੱਫੇਕੁੱਟਣੀਆਂ ਨੂੰ।
ਪ੍ਰ-16 ਵਜ਼ੀਰ ਅਨੁਸਾਰ ਰਾਜਾ ਸੁਦਾਗਰ ਨੂੰ ਕੀ ਬਣਾਉਣਾ ਚਾਹੁੰਦਾ ਸੀ?
ਉ- ਮੰਤਰੀ।
ਪ੍ਰ-17 ਸੁਦਾਗਰ ਤੇ ਉਸ ਦੀ ਪਤਨੀ ਕਿੱਥੇ ਰਹਿਣ ਲੱਗੇ?
ਉ-ਮਹਿਲਾਂ ਨੇੜੇ ਹਵੇਲੀ ਵਿੱਚ।
ਪ੍ਰ-18 ਸੁਦਾਗਰ ਦੇ ਦੂਜੇ ਦੇਸ਼ ਜਾਣ ਮਗਰੋਂ ਰਾਜਾ ਕਿਸ ਕੋਲ ਪਹੁੰਚਾ?
ਉ- ਸੁਦਾਗਰ ਦਾ ਪਤਨੀ ਕੋਲ਼।
ਪ੍ਰ-19 ਸੁਦਾਗਰ ਦੀ ਪਤਨੀ ਨੇ ਆਪਣੀ ਸੂਝ-ਬੂਝ ਨਾਲ਼ ਕਿਹੜਾ ਕੁੱਝ ਫੜਿਆ ਸੀ?
ਉ- ਰਾਜਾ।
ਪ੍ਰ-20 ਸੁਦਾਗਰ ਦੀ ਪਤਨੀ ਤੋਂ ਕਿੰਨ੍ਹਾਂ ਨੇ ਤੋਬਾ ਕੀਤੀ?
ਉ- ਰਾਜੇ ਤੇ ਵਜ਼ੀਰ ਨੇ।
ਪ੍ਰ-21 ਰਾਜੇ ਨੇ ਕੀ ਵੇਖ ਲਿਆ ਸੀ?
ਉ- ਕੁੱਝ।
ਪ੍ਰ-22 ਸੁਦਾਗਰ ਨੇ ਕੁੱਝ ਕਿਸ ਨੂੰ ਸੌਂਪ ਦਿੱਤਾ ਸੀ?
ਉ- ਵਜ਼ੀਰ ਨੂੰ।
ਪ੍ਰ-23 ਰਾਜੇ ਨੇ ਕੀ ਕਸਮ ਖਾਧੀ ਸੀ?
ਉ- ਕਿਸੇ ਦੇ ਘਰ ਨਾ ਜਾਣ ਦੀ।
ਪ੍ਰ-24 ਸੁਦਾਗਰ,ਪਤਨੀ,ਰਾਜਾ, ਵਜ਼ੀਰ, ਦੋ ਫੱਫੇਕੁੱਟਣੀਆਂ, ਦੋ ਠਗ, ਨੌਕਰ ਚਾਕਰ ਕਿਸ ਕਹਾਣੀ ਦੇ ਪਾਤਰ ਹਨ?
ਉ- ਨੀਲ ਕਮਲ।
ਪ੍ਰ-25 ਨੀਲ ਕਮਲ ਕਹਾਣੀ ਦਾ ਮੁਖ ਪਾਤਰ ਜਾਂ ਨਾਇਕ ਕੌਣ ਹੈ?
ਉ- ਸੁਦਾਗਰ ਦੀ ਪਤਨੀ।

## ਸਬਜ਼ ਪਰੀ

ਇਕ ਰਾਜੇ ਦੇ ਤਿੰਨ ਪੁੱਤਰਾਂ ਵਿੱਚੋਂ ਇਕ, ਜਿਸ ਦਾ ਨਾਂ ਮੀਰਜ਼ਾਦਾ ਸੀ, ਅਜੇ ਕੁਆਰਾ ਸੀ। ਉਸ ਦੀ ਭਰਜਾਈ ਨੇ ਉਸ ਨੂੰ ਆਪਣੀ ਭੈਣ ਨਾਲ਼ ਵਿਆਹ ਕਰਨ ਲਈ ਨਾ ਮੰਨਦਾ ਦੇਖ ਕੇ ਤਾਅਨਾ ਮਾਰਿਆ ਕਿ ਉਹ ਦੇਖੇਗੀ, ਜਦੋਂ ਉਹ ਕੋਈ ਸਬਜ਼ ਪਰੀ ਵਿਆਹ ਕੇ ਲੈ ਆਵੇਗਾ। ਮੀਰਜ਼ਾਦੇ ਨੇ ਗੁੱਸੇ ਨਾਲ਼ ਕਿਹਾ ਕਿ ਉਹ ਸਬਜ਼ ਪਰੀ ਹੀ ਵਿਆਹ ਕੇ ਲਿਆਵੇਗਾ।

ਮੀਰਜ਼ਾਦਾ ਘੋੜੇ ਤੇ ਸਵਾਰ ਹੋ ਕੇ ਸਬਜ਼ ਪਰੀ ਨੂੰ ਲੱਭਣ ਲਈ ਚਲ ਪਿਆ। ਸੰਘਣੇ ਜੰਗਲ ਵਿੱਚ ਜਦੋਂ ਉਹ ਆਰਾਮ ਕਰਨ ਲੱਗਾ ਤਾਂ ਇਕ ਵੱਡੇ ਸੱਪ ਨੇ ਉਸ ਉੱਤੇ ਹਮਲਾ ਕਰ ਦਿੱਤਾ, ਪਰ ਮੀਰਜ਼ਾਦੇ ਨੇ ਉਸ ਨੂੰ ਤਲਵਾਰ ਨਾਲ਼ ਮਾਰ ਦਿੱਤਾ।

ਉਹ ਸੱਪ ਉੱਥੇ ਦਰੱਖ਼ਤ ਉੱਤੇ ਰਹਿੰਦੇ ਹੰਸ ਤੇ ਹੰਸਣੀ ਦੇ ਬੱਚੇ ਖਾ ਜਾਂਦਾ ਹੁੰਦਾ ਸੀ। ਉਨ੍ਹਾਂ ਮੀਰਜ਼ਾਦੇ ਦੇ ਉਪਕਾਰ ਦਾ ਬਦਲਾ ਚੁਕਾਉਣ ਲਈ ਕੋਈ ਮੱਦਦ ਪੁੱਛੀ, ਤਾਂ ਉਸ ਨੇ ਸਬਜ਼ ਪਰੀ ਨਾਲ਼ ਵਿਆਹ ਕਰਾਉਣ ਦੀ ਆਪਣੀ ਇੱਛਾ ਦੱਸੀ। ਹੰਸ ਹੰਸਣੀ ਉੱਡਦੇ ਕਈ ਵਾਰੀ ਸਬਜ਼ ਪਰੀ ਦੇ ਦੇਸ਼ ਗਏ ਸਨ। ਹੰਸ ਮੀਰਜ਼ਾਦੇ ਨੂੰ ਆਪਣੇ ਖੰਭਾ ਉੱਪਰ ਬਿਠਾ ਕੇ ਕਈ ਦਿਨ ਉੱਡਦਾ ਰਿਹਾ ਅਤੇ ਉਸ ਨੇ ਮੀਰਜ਼ਾਦੇ ਨੂੰ ਇੱਕ ਰੁੱਖ ਹੇਠ ਉਤਾਰ ਕੇ ਦੱਸਿਆ ਕਿ ਔਸ ਤਲਾ ਵਿੱਚ ਨਹਾ ਰਹੀਆਂ ਪਰੀਆਂ ਹੀ ਉਸ ਨੂੰ ਸਬਜ਼ ਪਰੀ ਤਕ ਪਹੁਚਾ ਸਕਦੀਆਂ ਹਨ। ਉਹ ਮੰਨਣਗੀਆਂ ਤਾਂ ਜੇਕਰ ਉਹ ਕੰਢੇ ਉੱਪਰ ਪਏ ਉਨ੍ਹਾਂ ਦੇ ਖੰਭ ਚੁਰਾ ਲਵੇ ਤੇ ਫਿਰ ਉਹ ਉਨ੍ਹਾਂ ਨੂੰ ਸਬਜ਼ ਪਰੀ ਨਾਲ਼ ਵਿਆਹ ਕਰਾਉਣ ਦੀ ਸ਼ਰਤ ਉੱਤੇ ਵਾਪਸ ਕਰੇ।

ਮੀਰਜ਼ਾਦੇ ਨੇ ਇਸੇ ਤਰ੍ਹਾਂ ਹੀ ਕੀਤਾ ਤੇ ਤਲਾ ਤੋਂ ਬਾਹਰ ਆ ਕੇ ਖੰਭ ਮੰਗਦੀਆਂ ਪਰੀਆਂ ਤੋਂ ਆਪਣੀ ਸ਼ਰ ਮੰਨਵਾ ਕੇ ਇਕ ਪਰੀ ਦੇ ਖੰਭ ਵਾਪਸ ਕਰ ਦਿੱਤੇ। ਉਹ ਪਰੀ ਸਬਜ਼ ਪਰੀ ਕੋਲ ਪਹੁੰਚੀ, ਤਾਂ ਉਹ ਐਨੀ ਦੂਰ ਕਿਸੇ ਲੜਕੇ ਦੇ ਪਹੁੰਚਣ ਬਾਰੇ ਸੁਣ ਕੇ ਹੈਰਾਨ ਹੋਈ। ਉਹ ਸੋਹਣੇ ਸੁਨੱਖੇ ਮੀਰਜ਼ਾਦੇ ਕੋਲ ਪਹੁੰਚੀ ਤੇ ਉਸ ਨਾਲ਼ ਵਿਆਹ ਕਰਾਉਣ ਲਈ ਤਿਆਰ ਹੋ ਗਈ। ਉਸ ਨੇ ਖੰਭ ਉਤਾਰ ਕੇ ਪਰੀਆਂ ਵਾਲੇ ਕੱਪੜੇ ਪਾ ਲਏ। ਹੁਣ ਉਸ ਵਿੱਚ ਪਹਿਲਾਂ ਵਰਗੀ ਉੱਡਣ ਸ਼ਕਤੀ ਨਾ ਰਹੀ।

ਹੰਸ ਦੋਹਾਂ ਨੂੰ ਲੈ ਕੇ ਉੱਡ ਨਹੀਂ ਸੀ ਸਕਦਾ। ਤਿੰਨੇ ਇਕ ਬੇੜੀ ਵਿੱਚ ਸਵਾਰ ਹੋ ਕੇ ਸਮੁੰਦਰ ਰਾਹੀਂ ਮੀਰਜ਼ਾਦੇ ਦੇ ਦੇਸ਼ ਨੂੰ ਚਲ ਪਏ, ਪਰ ਰਸਤੇ ਵਿਚ ਆਏ ਭਿਆਨਕ ਤੂਫ਼ਾਨ ਵਿੱਚ ਬੇੜੀ ਦੇ ਡੁੱਬਣ ਕਾਰਨ ਤਿੰਨੇ ਵਿਛੜ ਗਏ।

ਸਬਜ਼ ਪਰੀ ਇਕ ਸ਼ਹਿਰ ਵਿੱਚ ਜਾ ਪੁੱਜੀ ਤੇ ਮੀਰਜ਼ਾਦਾ ਦੂਜੇ ਸ਼ਹਿਰ ਵਿੱਚ ਇਕ ਕੰਢੇ ਉੱਪਰ ਪੁੱਜੇ ਹੰਸ ਨੇ ਉਨ੍ਹਾਂ ਨੂੰ ਲੱਭਣ ਦਾ ਫੈਸਲਾ ਕੀਤਾ । ਲੋਕਾਂ ਰਾਹੀਂ ਸਬਜ਼ ਪਰੀ ਦੀ ਖ਼ੂਬਸੂਰਤੀ ਰਾਜੇ ਤੱਕ ਪੁੱਜੀ। ਉਸ ਨੇ ਉਸ ਨੂੰ ਆਪਣੇ ਮਹਿਲਾਂ ਵਿੱਚ ਲਿਜਾ ਕੇ ਵਿਆਹ ਕਰਾਉਣ ਲਈ ਕਿਹਾ ਪਰ ਉਸ ਨ ਉੱਤਰ ਦਿੱਤਾ ਕਿ ਉਹ ਪਹਿਲਾਂ ਹੀ ਵਿਆਹੀ ਹੋਈ ਹੈ। ਉਸ ਨੇ ਰਾਜੇ ਤੋਂ ਇੱਕ ਸਾਲ ਦੀ ਮੁਹਲਤ ਮੰਗੀ।

ਸਬਜ਼ ਪਰੀ ਨੇ ਮੀਰਜ਼ਾਦੇ ਤੇ ਹੰਸ ਨੂੰ ਲੱਭਣ ਲਈ ਆਪਣੇ ਮਹਿਲ ਦੀ ਛੱਤ ਉੱਤੇ ਪੰਛੀਆਂ ਲਈ ਭਾਂਤ-ਭਾਂਤ ਦੇ ਚੋਗੇ ਖਿਲਾਰ ਦਿੱਤੇ। ਨਾਲ਼ ਹੀ ਹੰਸ ਦੇ ਖਾਣ ਲਈ ਸੁੱਚੇ ਮੋਤੀਆਂ ਦਾ ਢੇਰ ਲਾ ਦਿੱਤਾ। ਬਹੁਤ ਸਾਰੇ ਪੰਛੀ ਉਥੇ ਚੋਗ ਚੁਗਣ ਆਉਣ ਲੱਗੇ। ਇਕ ਦਿਨ ਭੁੱਖਣ-ਭਾਣੇ ਉੱਡਦੇ ਹੰਸ ਨੂੰ ਪੰਛੀਆਂ ਤੋਂ ਮਹਿਲਾਂ ਉੱਪਰ ਸੁੱਚੇ ਮੋਤੀਆਂ ਦੀ ਚੋਗ ਦਾ ਪਤਾ ਲੱਗਾ, ਤਾਂ ਉਹ ਉੱਥੇ ਆ ਪਹੁੰਚਾ। ਇਥੇ ਸਬਜ਼ ਪਰੀ ਨੇ ਉਸ ਨੂੰ ਦੇਖ ਕੇ ਪਛਾਣ ਲਿਆ। ਦੋਵੇਂ ਮਿਲ ਕੇ ਬੜੇ ਖ਼ੁਸ਼ ਹੋਏ ਤੇ ਹੁਣ ਉਹ ਮੀਰਜ਼ਾਦੇ ਨੂੰ ਲੱਭਣਾ ਚਾਹੁੰਦੇ ਸਨ।

ਉੱਧਰ ਭੁੱਖਣ-ਭਾਣਾ ਮੀਰਜ਼ਾਦਾ ਇਕ ਭਠਿਆਰਨ ਤੋਂ ਕੁੱਝ ਖਾਣ ਲਈ ਲੈ ਕੇ ਉਸ ਨੂੰ ਜੰਗਲ ਵਿੱਚੋਂ ਲੱਕੜਾ ਕੱਟ ਕੇ ਲਿਆ ਦਿੰਦਾ ਸੀ। ਇਕ ਦਿਨ ਹੰਸ ਨੇ ਉਸ ਨੂੰ ਜੰਗਲ ਵਿੱਚ ਪਛਾਣ ਲਿਆ ਤੇ ਉਹ ਉਸ ਦੇ ਖੰਭਾਂ ਉੱਪਰ ਬੈਠ ਕੇ ਸਬਜ਼ ਪਰੀ ਕੋਲ ਆ ਪੁੱਜਾ।

ਹੰਸ ਦੀ ਮਦਦ ਨਾਲ਼ ਮੀਰਜ਼ਾਦਾ ਤੇ ਸਬਜ਼ ਪਰੀ ਰਾਜੇ ਤੋਂ ਚੋਰੀ ਨਿਕਲ ਤੁਰੇ। ਆਪਣੇ ਸ਼ਹਿਰ ਕੋਲ ਪਹੁੰਚ ਕੇ ਮੀਰਜ਼ਾਦੇ ਨੇ ਹੰਸ ਨੂੰ ਵਿਦਾ ਕੀਤਾ। ਨਾਲ਼ ਹੀ ਮੀਰਜ਼ਾਦੇ ਨੇ ਆਪਣੇ ਬਾਪ ਨੂੰ ਸੁਨੇਹਾ ਭੇਜਿਆ ਕਿ ਉਹ ਸਬਜ਼ ਪਰੀ ਵਿਆਹ ਕੇ ਲਿਆਇਆ ਹੈ, ਉਸ ਦੇ ਸਵਾਗਤ ਦਾ ਪ੍ਰਬੰਧ ਕੀਤਾ ਜਾਵੇ।

ਉਹ ਦੋਵੇਂ ਇਕ ਬਾਗ਼ ਵਿੱਚ ਆਰਾਮ ਕਰਨ ਲੱਗੇ। ਸਬਜ਼ ਪਰੀ ਨੂੰ ਪਿਆਸ ਲੱਗੀ ਤੇ ਖੂਹ ਉੱਤੇ ਪਾਣੀ ਪੀਣ ਗਈ। ਉੱਥੇ ਇੱਕ ਬੜੀ ਚਲਾਕ ਮਾਲਣ ਸੀ। ਜਦੋਂ ਉਸ ਨੂੰ ਸਬਜ਼ ਪਰੀ ਬਾਰੇ ਪਤਾ ਲੱਗਾ ਕਿ ਉਹ ਮੀਰਜ਼ਾਦੇ ਦੀ ਪਤਨੀ ਹੈ, ਤਾਂ ਉਸ ਨੇ ਚਲਾਕੀ ਨਾਲ਼ ਸਬਜ਼ ਪਰੀ ਨੂੰ ਬੇਫ਼ਿਕਰ ਹੋ ਕੇ ਨਹਾਉਣ ਧੋਣ ਲਈ ਕਿਹਾ। ਜਦੋਂ ਉਹ ਨਹਾਉਣ ਲੱਗੀ, ਤਾਂ ਮਾਲਣ ਨੇ ਉਸ ਨੂੰ ਖੂਹ ਵਿੱਚ ਧੱਕਾ ਦੇ ਦਿੱਤਾ। ਮਾਲਣ ਸਬਜ਼ ਪਰੀ ਦੇ ਕੱਪੜੇ ਪਾ ਕੇ ਤੇ ਉਸ ਵਾਂਗ ਹੀ ਹਾਰ ਸ਼ਿੰਗਾਰ ਕਰ ਕੇ ਮੀਰਜ਼ਾਦੇ ਕੋਲ ਆ ਗਈ। ਮੀਰਜ਼ਾਦੇ ਨੇ ਜਦੋਂ ਉਸ ਦੇ ਰੰਗ ਰੂਪ ਵਲ ਦੇਖ ਕੇ ਹੈਰਾਨੀ ਪ੍ਰਗਟ ਕੀਤੀ, ਤਾਂ ਉਸ ਨੇ ਕਿਹਾ ਕਿ ਉਸ ਨੂੰ ਇੱਕ ਸੱਪ ਨੇ ਡੰਗ ਮਾਰਿਆ ਹੈ, ਜਿਸ ਨਾਲ਼ ਉਸ ਦਾ ਰੰਗ ਕਾਲਾ ਹੋ ਗਿਆ ਹੈ, ਪਰ ਕੁੱਝ ਸਮੇਂ ਮਗਰੋਂ ਆਪੇ ਠੀਕ ਹੋ ਜਾਵੇਗਾ।

ਮੀਰਜ਼ਾਦੇ ਦਾ ਪਿਤਾ ਵਾਜਿਆਂ-ਗਾਜਿਆਂ ਨਾਲ਼ ਆਪਣੀ ਨੂੰਹ ਤੇ ਪੁੱਤਰ ਨੂੰ ਮਹਿਲਾਂ ਵਿੱਚ ਲੈ ਗਿਆ। ਸਾਰੇ ਨੂੰਹ ਦੇ ਕੱਪੜੇ ਦੇਖ ਕੇ ਹੀ ਵਾਹ ਵਾਹ ਕਰਦੇ ਰਹੇ।ਮੀਰਜ਼ਾਦੇ ਨੇ ਸਮਝਿਆ ਕਿ ਇਸੇ ਨੇ ਹੀ ਸਬਜ਼ ਪਰੀ ਨੂੰ ਡੰਗਿਆ ਸੀ। ਉਹ ਉਸ ਦੇ ਮਗਰ ਖੂਹ ਵਿਚ ਗਿਆ। ਖੂਹ ਵਿੱਚ ਉਸ ਨੇ ਬਹੁਤ ਹੀ ਸੁੰਦਰ ਫੁੱਲ ਦੇਖਿਆ। ਜਦੋਂ ਮੀਰਜ਼ਾਦਾ ਉਸ ਨੂੰ ਤੋੜਨ ਲਈ ਹੱਥ ਅੱਗੇ ਕਰਦਾ ਤਾਂ ਉਹ ਨੀਵਾਂ ਹੋ ਜਾਂਦਾ, ਪਰ ਜਦੋਂ ਹੱਥ ਪਿੱਛੇ ਕਰਦਾ, ਤਾਂ ਉਹ ਉੱਚਾ ਹੋ ਜਾਂਦਾ। ਜਦੋਂ ਮੀਰਜ਼ਾਦਾ ਮੁੜਨ ਲੱਗਾ, ਤਾਂ ਫੁੱਲ ਆਪਣੇ ਆਪ ਹੀ ਉਸ ਦੇ ਹੱਥ ਵਿੱਚ ਆ ਗਿਆ ਤੇ ਉਹ ਫੁੱਲ ਲੈ ਕਿ ਆਪਣੇ ਮਹਿਲਾਂ ਵਿੱਚ ਆ ਗਿਆ। ਜਦੋਂ ਮਾਲਣ ਨੇ ਉਹ ਅਲੌਕਿਕ ਫੁੱਲ ਵੇਖਿਆ, ਤਾਂ ਉਹ ਸਮਝ ਗਈ ਕਿ ਇਹ ਸਬਜ਼ ਪਰੀ ਦਾ ਹੀ ਕੌਤਕ ਹੈ। ਉਹ ਰ ਫੜ ਕੇ ਬੈਠ ਗਈ ਤੇ ਉੱਚੀ-ਉੱਚੀ ਰੋਂਦੀ ਹੋਈ ਕਹਿਣ ਲੱਗੀ ਕਿ ਉਸ ਦੇ ਸਿਰ ਪੀੜ ਹੋਣ ਲੱਗ ਪਈ ਹੈ। ਇਹ ਫੁੱਲ ਨਹਿਸ਼ ਹੈ, ਉਸ ਨੂੰ ਜੰਗਲ ਵਿੱਚ ਸੁੱਟ ਦਿਓ। ਮੀਰਜ਼ਾਦੇ ਨੇ ਇੰਞ ਹੀ ਕੀਤਾ।

ਕੁਝ ਦਿਨਾਂ ਮਗਰੋਂ ਮੀਰਜ਼ਾਦਾ ਸ਼ਿਕਾਰ ਖੇਡਦਾ ਜੰਗਲ ਵਿੱਚ ਪੁੱਜਾ, ਤਾਂ ਉਸ ਨੇ ਦੇਖਿਆ ਕਿ ਜਿੱਥੇ ਉਸ ਨੇ ਫੁੱਲ ਸੁੱਟਿਆ ਸੀ, ਉੱਥੇ ਫੁੱਲਾਂ ਦਾ ਇਕ ਸੁੰਦਰ ਬਗੀਚਾ ਬਣਿਆ ਹੋਇਆ ਸੀ। ਕੁੱਝ ਦੇਰ ਉੱਥੇ ਬੈਠਣ ਮਗਰੋਂ ਉਸ ਦੀ ਅੱਖ ਲੱਗ ਗਈ। ਉਸ ਦੇ ਕੰਨਾਂ ਵਿੱਚ ਨੱਚਣ ਦੀ ਆਵਾਜ਼ ਆਉਣ ਲੱਗੀ। ਉਸ ਨੇ ਦੇਖਿਆ ਕਿ ਬਹੁਤ ਸਾਰੀਆਂ ਪਰੀਆਂ ਨੱਚ ਰਹੀਆਂ ਹਨ। ਜਦੋਂ ਉਹ ਉੱਡਣ ਲੱਗੀਆਂ ਤਾਂ ਇਕ ਪਰੀ ਨੇ ਆਪਣੀਆਂ ਸਹੇਲੀਆਂ ਨੂੰ ਕਿਹਾ ਕਿ ਆਦਮ ਜਾਤ ਉੱਤੇ ਕਦੇ ਭਰੋਸਾ ਨਹੀਂ ਕਰਨਾ ਚਾਹੀਦਾ, ਇਹ ਬੜੇ ਧੋਖੇਬਾਜ਼ ਹੁੰਦੇ ਹਨ।

ਮੀਰਜ਼ਾਦੇ ਨੇ ਸਬਜ਼ ਪਰੀ ਦੀ ਆਵਾਜ਼ ਪਛਾਣ ਲਈ। ਉਸ ਨੇ ਪੁੱਛਿਆ ਕਿ ਜੋ ਉਹ ਇੱਥੇ ਹੈ, ਤਾਂ ਉਸ ਦੇ ਕੋਲ ਕੌਣ ਰਹਿ ਰਿਹਾ ਹੈ। ਸਬਜ਼ ਪਰੀ ਨੇ ਕਿਹਾ ਕਿ ਉਸ ਉਸ ਦੇ ਪਿੱਛੇ ਆਪਣਾ ਦੇਸ਼ ਤੇ ਸੁੱਖ-ਚੈਨ ਛੱਡਿਆ ਸੀ, ਪਰ ਉਹ ਮਾਲਣ ਤੇ ਸਬਜ਼ ਪਰੀ ਵਿੱਚ ਫ਼ਰਕ ਹੀ ਨਹੀਂ ਸਮਝ ਸਕਿਆ। ਉਹ ਫੁੱਲ ਬਣ ਕੇ ਉਸ ਕੋਲ ਆਈ, ਤਾਂ ਉਸ ਨੇ ਬਾਹਰ ਸੁੱਟ ਦਿੱਤਾ। ਇਹ ਕਹਿ ਕੇ ਉਸ ਨੇ ਆਪਣੀ ਦੁੱਖ ਭਰੀ ਕਹਾਣੀ ਸੁਣਾਈ। ਮੀਰਜ਼ਾਦੇ ਨੂੰ ਬੜਾ ਗੁੱਸਾ ਚੜ੍ਹਿਆ। ਉਸ ਨੇ ਮਾਲਣ ਨੂੰ ਘਰੋਂ ਕੱਢ ਦਿੱਤਾ ਤੇ ਫਿਰ ਉਹ ਤੇ ਸਬਜ਼ ਪਰੀ ਖ਼ੁਸ਼ੀ-ਖ਼ੁਸ਼ੀ ਰਹਿਣ ਲੱਗੇ।

## ਵਸਤੂਨਿਸ਼ਠ ਪ੍ਰਸ਼ਨ ਉੱਤਰ

ਪ੍ਰ-1 ਸਬਜ਼ ਪਰੀ ਲੋਕ ਕਥਾ ਕਿਹੜੀ ਵੰਨਗੀ ਦੀ ਕਥਾ ਹੈ?
ਉ- ਪਰੀ ਕਥਾ।
ਪ੍ਰ-2 ਰਾਜੇ ਦੇ ਕਿੰਨੇ ਪੁੱਤਰ ਸਨ?
ਉ- ਤਿੰਨ।
ਪ੍ਰ-3 ਰਾਜੇ ਦੇ ਕਿੰਨੇ ਪੁੱਤਰ ਵਿਆਹੇ ਹੋਏ ਸਨ?
ਉ- ਦੋ।
ਪ੍ਰ-4 ਰਾਜੇ ਦੇ ਇਕ ਕੁਆਰੇ ਪੁੱਤਰ ਦਾ ਨਾਂ ਕੀ ਸੀ?
ਉ- ਮੀਰਜ਼ਾਦਾ।
ਪ੍ਰ-5 ਕੌਣ ਮੀਰਜ਼ਾਦੇ ਦਾ ਆਪਣੀ ਭੈਣ ਨਾਲ਼ ਵਿਆਹ ਕਰਨਾ ਚਾਹੁੰਦੀ ਸੀ?
ਉ- ਮੀਰਜ਼ਾਦੇ ਦੀ ਭਰਜਾਈ।
ਪ੍ਰ-6 ਜਾਹ ਵੇਖਾਂਗੇ, ਜਦੋਂ ਤੂੰ ਕੋਈ ਸਬਜ਼ ਪਰੀ ਵਿਆਹ ਕੇ ਲਿਆਵੇਂਗਾ।ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ?
ਉ- ਮੀਰਜ਼ਾਦੇ ਨੂੰ ਉਸ ਦੀ ਭਰਜਾਈ ਨੇ।
ਪ੍ਰ-7 ਮੀਰਜ਼ਾਦੇ ਨੇ ਕਿਸ ਨਾਲ਼ ਵਿਆਹ ਕਰਨ ਦਾ ਫੈਸਲਾ ਕੀਤਾ?
ਉ-ਸਬਜ਼ ਪਰੀ ਨਾਲ਼।
ਪ੍ਰ-8 ਮੀਰਜ਼ਾਦੇ ਕਾਹਦੇ ਉੱਤੇ ਚੜ੍ਹ ਕੇ ਸਬਜ਼ ਪਰੀ ਨੂੰ ਲੱਭਣ ਲਈ ਚਲ ਪਿਆ?
ਉ- ਘੋੜੇ ਉੱਤੇ।
ਪ੍ਰ-9 ਜੰਗਲ ਵਿੱਚ ਮੀਰਜ਼ਾਦੇ ਨੂੰਕਿਸ ਦੇ ਫੁੰਕਾਰੇ ਦੀ ਅਵਾਜ਼ ਸੁਣੀ?
ਉ- ਇਕ ਵੱਡੇ ਸੱਪ ਦੇ।
ਪ੍ਰ-10 ਰੁੱਖ ਉੱਤੇ ਕਿਹੜੇ ਪੰਛੀ ਰਹਿੰਦੇ ਸਨ?
ਉ- ਹੰਸ-ਹੰਸਣੀ।
ਪ੍ਰ-11 ਕਿਸ ਨੂੰ ਸਬਜ਼ ਪਰੀ ਦੇ ਦੇਸ਼ ਦਾ ਪਤਾ ਸੀ?
ਉ- ਹੰਸ ਨੂੰ।
ਪ੍ਰ-12 ਮੀਰਜ਼ਾਦਾ ਸਬਜ਼ ਪਰੀ ਦੇ ਦੇਸ਼ ਕਿਸ ਤਰ੍ਹਾਂ ਪੁੱਜਾ?
ਉ- ਹੰਸ ਉੱਤੇ ਬੈਠ ਕੇ।
ਪ੍ਰ-13 ਮੀਰਜ਼ਾਦੇ ਨੇ ਨਹਾਉਂਦੀਆਂ ਪਰੀਆਂ ਦਾ ਕੀ ਚੁੱਕ ਲਿਆ?
ਉ- ਕੰਢੇ ਉੱਤੇ ਪਏ ਖੰਭ।
ਪ੍ਰ-14 ਕੌਣ ਮੀਰਜ਼ਾਦੇ ਨੂੰ ਦੇਖ ਕੇ ਉਸ ਨਾਲ ਵਿਆਹ ਕਰਾਉਣ ਲਈ ਤਿਆਰ ਹੋ ਗਈ?
ਉ- ਸਬਜ਼ ਪਰੀ।
ਪ੍ਰ-15 ਸਬਜ਼ ਪਰੀ ਨੇ ਵਿਆਹ ਕਰਾਉਣ ਮਗਰੋਂ ਕਿਹੋ-ਜਿਹੇ ਕੱਪੜੇ ਪਾ ਲਏ?
ਉ- ਮਨੁੱਖਾ ਵਾਲ਼ੇ।
ਪ੍ਰ-16 ਸਬਜ਼ ਪਰੀ,ਮੀਰਜ਼ਾਦਾ,ਤੇ ਹੰਸ ਸਮੁੰਦਰ ਪਾਰਕਰਦੇ ਕਿਸ ਤਰ੍ਹਾਂ ਵਿਛੜ ਗਏ?
ਉ- ਬੇੜੀ ਦੇ ਡੁੱਬਣ ਕਰਕੇ।
ਪ੍ਰ-17 ਮੀਰਜ਼ਾਦੇ ਤੋਂ ਵਿਛੜੀ ਸਬਜ਼ਪਰੀ ਨਾਲ਼ ਕਿਸਨੇ ਵਿਆਹ ਕਰਵਾਉਣਾ ਚਾਹਿਆ?
ਉ- ਰਾਜੇ ਨੇ।
ਪ੍ਰ-18 ਸਬਜ਼ ਪਰੀ ਨੇ ਹੰਸ ਨੂੰ ਲੱਭਣ ਲਈ ਛੱਤ ਉੱਤੇ ਹੋਰ ਚੋਗ ਦੇ ਨਾਲ਼ ਕਾਹਦੀ ਢੇਰੀ ਨਾ ਦਿੱਤੀ?
ਉ- ਸੁੱਚੇ ਮੋਤੀਆਂ ਦੀ।
ਪ੍ਰ-19 ਹੰਸ ਸਬਜ਼ ਪਰੀ ਨੂੰ ਕਿਸ ਤਰ੍ਹਾਂ ਮਿਲ਼ਿਆ?
ਉ- ਸੁੱਚੇ ਮੋਤੀ ਚੁਗਣ ਆਇਆ
ਪ੍ਰ-20 ਮੀਰਜ਼ਾਦਾ ਬੇੜੀ ਦੇ ਡੁੱਬਣ ਮਗਰੋਂ ਕਿੱਥੇ ਜਾ ਪੁੱਜਾ?
ਉ- ਇਕ ਭਠਿਆਰਨ ਦੇ ਘਰ।
ਪ੍ਰ-21 ਹੰਸ ਨੇ ਮੀਰਜ਼ਾਦੇ ਨੂੰ ਕਿੱਥੇ ਲੱਭਿਆ?
ਉ-ਜੰਗਲ ਵਿੱਚ।
ਪ੍ਰ-22 ਵਿਛੜਨ ਮਗਰੋਂ ਮੀਰਜ਼ਾਦਾ ਸਬਜ਼ ਪਰੀ ਕੋਲ ਕਿਸ ਤਰ੍ਹਾਂ ਪੁੱਜਾ?

ਉ- ਹੰਸ ਉੱਤੇ ਬੈਠ ਕੇ।
ਪ੍ਰ-23 ਸਬਜ਼ਪਰੀ ਨੂੰ ਖੂਹ ਵਿੱਚ ਧੱਕਾ ਕਿਸ ਨੇ ਦਿੱਤਾ?
ਉ- ਮਾਲਣ ਨੇ।
ਪ੍ਰ-24ਮਾਲਣ ਨੇ ਕਿਸ ਵਰਗਾ ਪਹਿਰਾਵਾ ਪਹਿਨ ਲਿਆ  ਹਾਰ ਸ਼ਿੰਗਾਰ ਕਰ ਲਿਆ?
ਉ- ਸਬਜ਼ ਪਰੀ ਵਰਗਾ।
ਪ੍ਰ-25 ਮੀਰਜ਼ਾਦੇ ਦੇ ਪੁੱਛਣ ਤੇ ਮਾਲਣ ਬਣੀ ਸਬਜ਼ ਪਰੀ ਨੇ ਆਪਣੇ ਰੰਗ ਰੂਪ ਦੇ ਬਦਲਣ ਦਾ ਕਾਰਨ ਕੀ ਦੱਸਿਆ?
ਉ- ਸੱਪ ਦਾ ਡੰਗ।
ਪ੍ਰ-26 ਮੀਰਜ਼ਾਦੇ ਨੂੰ ਬਾਗ਼ ਦੇ ਖੂਹ ਨੇੜੇ ਕੀ ਦਿਸਿਆ?
ਉ-ਇਕ ਸੱਪ।
ਪ੍ਰ-27 ਸੱਪ ਤੇਜ਼ੀ ਨਾਲ਼ ਕਿਧਰ ਚਲਾ ਗਿਆ?
ਉ- ਖੂਹ ਵੱਲ।
ਪ੍ਰ-28 ਮੀਰਜ਼ਾਦੇ ਨੇ ਖੂਹ ਵਿੱਚ ਕੀ ਦੇਖਿਆ?
ਉ- ਇਕ ਅਲੋਕਿਕ ਫੁੱਲ।
ਪ੍ਰ-29 ਮੀਰਜ਼ਾਦਾ ਫੁੱਲ ਨੂੰ ਤੋੜ ਕੇ ਕਿੱਥੇ ਪੁਜਾ?
ਉ-ਮਹਿਲਾਂ ਵਿੱਚ।
ਪ੍ਰ-30 ਅਲੋਕਿਕ ਫੁੱਲ ਨੂੰ ਦੇਖ ਕੇ ਮਾਲਣ ਨੇ ਉਸ ਨੂੰ ਕਿਸ ਦਾ ਕੌਤਕ ਸਮਝਿਆ?
ਉ-ਸਬਜ਼ ਪਰੀ ਦਾ।
ਪ੍ਰ-31ਮਾਲਣ ਦੇ ਕਹਿਣ ਤੇ ਮੀਰਜ਼ਾਦਾ ਨੇ ਫੁੱਲ ਨੂੰ ਕਿੱਥੇ ਸੁੱਟ ਦਿੱਤਾ?
ਉ- ਤੋੜ-ਮਰੋੜ ਕੇ ਜੰਗਲ ਵਿੱਚ।
ਪ੍ਰ-32 ਜੰਗਲ ਵਿੱਚ ਤੋੜ-ਮਰੋੜ ਕੇ ਸੁੱਟੇ ਫੁੱਲ ਦੀ ਥਾਂ ਮੀਰਜ਼ਾਦੇ ਨ ਕੀ ਦੇਖਿਆ?
ਉ- ਇਕ ਸੁੰਦਰ ਬਗ਼ੀਚਾ।
ਪ੍ਰ-33 ਬਗ਼ੀਚਾ ਕੋਲ ਸੁੱਤੇ ਮੀਰਜ਼ਾਦੇ ਨੂੰ ਕਿਸ ਨੇ ਜਗਾਇਆ?
ਉ- ਨੱਚਣ ਗਾਉਣ ਦੀ ਅਵਾਜ਼ ਨੇ।
ਪ੍ਰ-34ਕਿਨ੍ਹਾਂ ਦੇ ਨੱਚਣ ਗਾਉਣ ਦੀ ਅਵਾਜ਼ ਸੀ?
ਉ- ਪਰੀਆਂ ਦੇ।
ਪ੍ਰ-35 ਇਕ ਪਰੀ ਨੇ ਸਖੀਆਂ ਨੂੰ ਕਿੰਨ੍ਹਾਂ ਉੱਤੇ ਭਰੋਸਾ ਨਾ ਕਰਨ ਦੀ ਨਸੀਹਤ ਦਿੱਤੀ?
ਉ-ਆਦਮ ਜਾਤ ਤੇ।
ਪ੍ਰ-36 ਨਸੀਹਤ ਕਰਨ ਵਾਲ਼ੀ ਪਰੀ ਕੌਣ ਸੀ?
ਉ- ਸਬਜ਼ ਪਰੀ।
ਪ੍ਰ-37 ਮੀਰਜ਼ਾਦੇ ਨੇ ਅਸਲੀਅਤ ਜਾਣ ਕੇ ਕਿਸ ਨੂੰ ਘਰੋਂ ਬਾਹਰ ਕੱਢ ਦਿੱਤਾ?
ਉ- ਮਾਲਣ ਨੂੰ।
ਪ੍ਰ-38 ਮੀਰਜ਼ਾਦਾ,ਸਬਜ਼ ਪਰੀ,ਰਾਜਾ , ਮੀਰਜਾਦੇ ਦੀ ਭਰਜਾਈ, ਘੋੜਾ, ਸੱਪ, ਹੰਸ-ਹੰਸਣੀ,ਪਰੀਆਂ, ਭਠਿਆਰਨ, ਮਾਲਣ, ਫੁੱਲ, ਨੌਕਰ ਚਾਕਰ ਕਿਸ ਕਹਾਣੀ ਦੇ ਪਾਤਰ ਹਨ?
ਉ- ਸਬਜ਼ ਪਰੀ।
ਪ੍ਰ-39 ਸਬਜ਼ ਪਰੀ ਕਹਾਣੀ ਦਾ ਮੁੱਖ ਪਾਤਰ ਕੌਣ ਹੈ?
ਉ- ਮੀਰਜ਼ਾਦਾ।